# ਵੇ ਤਿਰੰਗਿਆ

ਤੇਰੇ ਉੱਤੋਂ ਜਾਵਾਂ  ਕੁਰਬਾਨ ਵੇ ਤਿਰੰਗਿਆ

ਵਾਰ ਵਾਰ ਕਰਦਾਂ ਸਲਾਮ ਤੇਨੂੰ ਝੰਡਿਆ

ਇੰਡੀਆ ਦੀ ਆਂਨ  ਬਾਨ ਸ਼ਾਨ ਵੇ ਤਿਰੰਗਿਆ

ਵਾਰੀ ਵਾਰੀ ਕਰਦਾਂ ਸਲਾਮ ਤੇਨੂੰ ਝੰਡਿਆ

ਜੀਹਨੇ ਤੇਨੂੰ ਘੂਰਿਆ ਜਾਂ  ਇੰਡੀਆ ਨੂੰ ਖੰਗਿਆ

ਭਾਰਤੀ ਜਵਾਨ ਉਹਨੂੰ ਮਾਰਨੋਂ ਨਹੀਂ ਸੰਗਿਆ

ਵਾਰੀ ਵਾਰੀ ਕਰਦਾਂ ਸਲਾਮ ਤੇਨੂੰ ਝੰਡਿਆ

ਤੇਰੇ ਉੱਤੋਂ ਜਾਵਾਂ  ਕੁਰਬਾਨ ਵੇ ਤਿਰੰਗਿਆ

ਸਿਰ ਉੱਤੇ ਸਾਡੇ ਰਖੀਂ  ਛਾਂ ਵੇ ਤਿਰੰਗਿਆ

ਤੇਰੇ ਤਿੰਨਾ ਰੰਗਾਂ ਉੱਤੇ ਮਾਣ ਸਾਨੂੰ ਝੰਡਿਆ

ਵਾਰੀ ਵਾਰੀ ਕਰਦਾਂ ਸਲਾਮ ਤੇਨੂੰ ਝੰਡਿਆ

ਇਕ ਰੰਗ ਤੇਰਾ ਹਰਿਆਲੀ ਖੁਸ਼-ਹਾਲੀ ਦਾ

ਦੂਸਰਾ ਅਮਨ ਦਾ ਪ੍ਰੇਮ ਭਾਈਵਾਲੀ ਦਾ

ਤੀਸਰਾ ਸ਼ਹੀਦਾਂ ਦੀ ਪਹਿਚਾਨ ਵੇ ਤਿਰੰਗਿਆ

ਵਾਰੀ ਵਾਰੀ ਕਰਦਾਂ ਸਲਾਮ ਤੇਨੂੰ ਝੰਡਿਆ

ਤੇਨੂੰ ਹੇਠ ਵਿਚ ਲੈ ਕੇ ਚੜ੍ਹੇ ਸੀ ਪਹਾੜੀਆਂ ਤੇ

ਕਾਰਗਿਲ ਵਿਚ ਝੰਡੇ ਗੱਡੇ ਸੀ ਪਹਾੜੀਆਂ ਤੇ

ਫੌਜੀਆਂ ਨੇ ਦਿੱਤਾ ਸਨਮਾਨ ਤੇਨੂੰ ਝੰਡਿਆ

ਵਾਰੀ ਵਾਰੀ ਕਰਦਾਂ ਸਲਾਮ ਤੇਨੂੰ ਝੰਡਿਆ

ਜਨ ਗਣ ਮਨ ਸਾਰੇ ਦੇਸ਼ ਵਿਚ ਹੋਈ ਜਾਵੇ

ਜੈ ਹਿੰਦ ਸਾਨੂੰ ਇਕ ਧਾਗੇ ਚ ਪਰੋਈ ਜਾਵੇ

ਖੁਸ਼ੀ ਵਿਚ ਝੂਮੇ ਅਸਮਾਨ ਵੇ ਤਿਰੰਗਿਆ

ਵਾਰੀ ਵਾਰੀ ਕਰਦਾਂ ਸਲਾਮ ਤੇਨੂੰ ਝੰਡਿਆ